# ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਗੁਰੂ ਮਹਿਲ 'ਮਾਤਾ ਗੁਜਰੀ' ਦੀ ਭੂਮਿਕਾ 'ਤੇ ਸਿੱਖ ਮੁੱਲ-ਪ੍ਰਬੰਧ ਦੇ ਪਰਿਪੇਖ ਵਿਚ ਉਨ੍ਹਾਂ ਦਾ ਯੋਗਦਾਨ

## ('ਮਾਤਾ ਧਰਤਿ ਮਹੁਤ', 'ਤੁਮਰੀ ਕਥਾ ਕਹੀ ਨ ਜਾਇ', 'ਵਿਛੜੇ ਸਭੋ ਵਾਰੀ ਵਾਰੀ','ਤੀਨ ਲੋਕ ਸੇ ਨਿਆਰੀ'ਦੇ ਵਿਸ਼ੇਸ਼ ਸੰਦਰਭ ਵਿਚ)

**ਪੁਨੀਤ (ਡਾ.)**

ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਜ (ਅੰਮ੍ਰਿਤਸਰ) ਆਫ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼, ਮੋਹਾਲੀ

*ਨਾਵਲ ਵਿਚੋਂ ਪਾਤਰ "ਮਾਤਾ ਗੁਜਰੀ" ਦਾ ਰਚਨਾਤਮਕ ਬਿੰਬ ਸਿੱਖ ਵਿਰਾਸਤ ਦੇ ਉਨ੍ਹਾਂ ਸਾਰੇ ਗੁਣਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਜੋ ਕੇਵਲ ਇਸਤਰੀਆਂ ਲਈ ਹੀ ਨਹੀਂ ਬਲਕਿ ਮਰਦਾਂ ਲਈ ਵੀ ਨੈਤਿਕ ਮੁੱਲ-ਪ੍ਰਬੰਧ ਵਿਚ ਰਹਿਣਾ ਪ੍ਰਗਟਾਉਂਦੇ ਹਨ।ਮਾਤਾ ਗੁਜਰੀ ਨੇ ਸਿੱਖ ਮੁੱਲ-ਪ੍ਰਬੰਧ ਵਿਚਲੇ ਗੁਣਾਂ ਨੂੰ ਸਿਦਕ, ਸੇਵਾ ਤੇ ਸਿਮਰਨ ਨਾਲ ਨਿਭਾਇਆ। ਸਿੱਖ ਇਤਿਹਾਸ ਦੀ ਪਹਿਲੀ ਸ਼ਹੀਦ ਇਸਤਰੀ ਮਾਤਾ ਗੁਜਰੀ ਸਨ, ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਇਹ ਬਲੀਦਾਨ, ਤਿਆਗ ਤੇ ਕੁਰਬਾਨੀ ਧਰਮ ਲਈ ਅਦਰਸ਼ਕ ਤੇ ਚਾਨਣ ਮੁਨਾਰਾ ਰਹੇਗਾ ਜੋ ਹਮੇਸ਼ਾ ਸਿੱਖ ਬੀਬੀਆਂ ਨੂੰ ਜੂਝਣ ਤੇ ਲੜਾਈ ਦੇ ਵਿਰੁੱਧ ਡੱਟ ਕੇ ਖੜਣ ਦੀ ਪ੍ਰੇਰਣਾ ਦਿੰਦਾ ਰਹੇਗਾ।ਇਸ ਤਰ੍ਹਾਂ ਮਾਤਾ ਜੀ ਦਾ ਨਾਵਲੀ ਬਿੰਬ ਬਤੌਰ ਪਤਨੀ ਉਹ ਸਹਿਜ, ਸੇਵਾ-ਸਿਮਰਨ ਤੇ ਸਹਿਣਸ਼ੀਲਤਾ ਦੀ ਪੁੰਜ ਰਹੇ, ਬਤੌਰ ਨੂੰਹ ਉਹ ਸੰਤੋਖ, ਸਬਰ ਤੇ ਸੰਜਮ ਵਿਚ ਰਹੇ, ਬਤੌਰ ਸੱਸ ਉਹ ਪ੍ਰੇਰਣਾਮਈ, ਸਿਦਕਮਈ ਤੇ ਸੰਜਮ ਵਿੱਚ ਰਹੇ ਤੇ ਬਤੌਰ ਦਾਦੀ ਉਹ ਦੂਰਦ੍ਰਿਸ਼ਟੀ ਵਾਲੇ, ਸੂਝਵਾਨ ਸਿੱਖਿਆਵਾਨ ਤੇ ਨਿਰਭਉ ਰਹਿਣ ਦੀ ਸਿੱਖਿਆ ਦਿੰਦੇ ਰਹੇ ਤੇ ਗ੍ਰਹਿਸਥ ਵਿਚ ਵਿਚਰਦਿਆਂ ਹੋਇਆ ਵੀ ਸੰਜਮ, ਸੰਤੋਖ, ਸਹਿਣਸ਼ੀਲਤਾ ਵਰਗੇ ਨੈਤਿਕ ਗੁਣਾ ਦਾ ਪਾਲਣ ਕਰਦੇ ਰਹੇ।ਨਾਵਲ ਵਿਚ ਪੇਸ਼ ਮਾਤਾ ਗੁਜਰੀ ਦਾ ਨਾਵਲੀ ਬਿੰਬ ਅਜੋਕੀ ਔਰਤ ਲਈ ਇਕ ਪ੍ਰਤੀਮਾਨ ਹੈ ਤੇ ਆਪਣੀਆਂ ਅੰਦਰਲੀਆਂ ਤੇ ਬਾਹਰਮੁੱਖੀ ਸ਼ਕਤੀਆਂ ਨੂੰ ਪਛਾਣ ਦਾ ਪ੍ਰਤੀਕ ਹੈ।ਅਸੀਂ ਆਪਣੇ ਹਥਲੇ ਖੋਜ ਪੇਪਰ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਨੂੰ ਅਧਾਰ ਬਣਾ ਕੇ ਗੁਰੂ ਮਹਿਲ 'ਮਾਤਾ ਗੁਜਰੀ' ਦੀ ਭੂਮਿਕਾ ਤੇ ਸਿੱਖ ਮੁੱਲ-ਪ੍ਰਬੰਧ ਦੇ ਪਰਿਪੇਖ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਾਂਗੇ ਜੋ ਸਮਾਜ ਨੂੰ ਇਕ ਨਵੀਂ ਸੇਧ ਦੇਣ ਵਿਚ ਸਹਾਈ ਸਿਧ ਹੋਵੇਗਾ।*

ਦਲੀਪ ਕੌਰ ਟਿਵਾਣਾ ਪੰਜਾਬੀ ਨਾਵਲ ਸਾਹਿਤ ਵਿਚ ਜਾਣੀ ਪਛਾਣੀ ਹਸਤਾਖਰ ਹੈ ਜਿਸ ਨੇ ਪੰਜਾਬੀ ਗਲਪ ਸਾਹਿਤ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।ਦਲੀਪ ਕੌਰ ਟਿਵਾਣਾ ਦੇ ਜਿੰਨ੍ਹਾ ਨਾਵਲਾਂ ਨੂੰ ਅਧਿਐਨ ਦੇ ਅੰਤਰਗਤ ਲਿਆਉਣਾ ਹੈ, ਉਹ ਸਿੱਖ ਇਤਿਹਾਸ ਦੀ ਪੁਨਰ ਸਿਰਜਣਾ ਕਰਦੇ ਹਨ ਤੇ ਸਿੱਖ-ਮੁੱਲ ਪ੍ਰਬੰਧ ਦੇ ਵਿਵਧ ਤੇ ਵਿਲੱਖਣ ਪ੍ਰਤੀਮਾਨ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਪ੍ਰਤੀਤ ਹੁੰਦੇ ਹਨ।ਇਨ੍ਹਾਂ ਨਾਵਲਾਂ ਦੇ ਰਚਨਾਤਮਕ ਪ੍ਰਬੰਧ ਵਿਚੋਂ

ਸਿੱਖ ਇਤਿਹਾਸ, ਸਿੱਖ ਨੈਤਿਕਤਾ, ਸਿੱਖ ਸਭਿਆਚਾਰ ਦੀਆਂ ਕਦਰਾਂ ਕੀਮਤਾਂ, ਰਹਿਤ ਮਰਿਆਦਾਵਾਂ ਤੇ ਸਿੱਖ ਜੀਵਨ ਸ਼ੈਲੀ ਪ੍ਰਗਟ ਹੁੰਦੀ ਹੈ, ਜਿਨ੍ਹਾਂ ਦੀ ਅਜੋਕੇ ਸਮੇਂ ਦੇ ਸੰਦਰਭ ਵਿਚ ਵੀ ਭਵਿਖਕਾਲੀ ਸਾਰਥਿਕਤਾ ਸਮਝੀ ਜਾ ਸਕਦੀ ਹੈ।ਦਲੀਪ ਕੌਰ ਟਿਵਾਣਾ ਦੇ ਇਨ੍ਹਾਂ ਨਾਵਲਾਂ ਦੀ ਵੱਖਰਤਾ ਇਹ ਹੈ ਕਿ ਉਸਨੇ ਗੁਰੂ ਮਹਿਲਾਵਾਂ ਬਾਬਤ ਪਹਿਲੀ ਵਾਰ ਨਾਵਲੀ ਬਿਰਤਾਂਤ ਦੀ ਸਿਰਜਣਾ ਕੀਤੀ ਹੈ।ਇਨ੍ਹਾਂ ਨਾਵਲਾਂ ਵਿਚ ਗੁਰੂ ਮਹਿਲਾਵਾਂ ਦੀ ਸਖਸ਼ੀਅਤ ਨੂੰ ਆਧਾਰ ਬਣਾਇਆ ਗਿਆ ਹੈ, ਜਿਨ੍ਹਾਂ ਦੀ ਸਾਹਿਤਕ ਭੂਮਿਕਾ, ਯੋਗਦਾਨ, ਬਲੀਦਾਨ ਤੇ ਨਾਰੀ ਮੁੱਲਾਂ ਦੇ ਸੰਦਰਭ ਵਿਚ ਪਾਏ ਯੋਗਦਾਨ ਨੂੰ ਇਤਿਹਾਸ ਵਿਚ ਬਹੁਤ ਘੱਟ ਥਾਂ ਮਿਲਿਆ ਹੈ। ਸਿੱਖ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੇ ਨਾਵਲ ਰਚੇ ਗਏ ਪਰ ਗੁਰੂ ਮਹਿਲਾ ਦੇ ਜੀਵਨ ਬਿਰਤਾਂਤ ਤੇ ਨੈਤਿਕ ਮੁੱਲਾਂ ਬਾਰੇ ਇਹ ਪਹਿਲੇ ਨਾਵਲੀ ਪਾਠ ਹਨ।ਇਨ੍ਹਾਂ ਨਾਵਲਾਂ ਦੀ ਆਮਦ ਰਾਹੀਂ ਉਨ੍ਹਾਂ ਇਤਿਹਾਸਕ ਧਿਰਾਂ ਨੂੰ ਬੋਲ ਮਿਲਿਆ ਹੈ ਜਿਨ੍ਹਾਂ ਦੇ ਯੋਗਦਾਨ ਬਾਰੇ ਇਤਿਹਾਸ ਚੁੱਪ ਸੀ। ਇਨ੍ਹਾਂ ਨਾਵਲਾਂ ਵਿਚ ਬੀਤੇ ਸਮੇਂ ਅਤੇ ਸਮਕਾਲੀ ਸਮੇਂ ਦਰਮਿਆਨ ਇਕ ਸੰਤੁਲਿਤ ਨਜ਼ਰੀਆ ਹੋਂਦਸ਼ੀਲ ਹੈ। ਇਨ੍ਹਾਂ ਨਾਵਲਾਂ ਵਿਚ ਟਿਵਾਣਾ ਨੇ ਨਾਰੀ ਮੁੱਲਾਂ ਦੀ ਸਿਰਜਨਾ ਸੇਵਾ, ਸਿਮਰਨ, ਬਲੀਦਾਨ, ਸਮਰਪਣ, ਕੌਮ ਦੀ ਅਗਵਾਈ ਆਦਿ ਮੁੱਲਾਂ ਰਾਹੀਂ ਕੀਤੀ ਹੈ।ਜਿਸਦੀ ਪੇਸ਼ਕਾਰੀ ਭਾਵੇਂ ਲੇਖਿਕਾ ਨੇ ਸਿੱਖ ਇਤਿਹਾਸ ਨਾਲ ਸਬੰਧਿਤ ਸਰੋਤਾਂ ਤੇ ਮਿਥਿਹਾਸਕ ਜੁਗਤਾਂ ਰਾਹੀਂ ਕੀਤੀ ਹੈ।

ਅਜੋਕਾ ਯੁਗ ਵਿਸ਼ਵੀਕਰਨ ਦਾ ਯੁਗ ਹੈ ਜਿਸ ਵਿਚ ਸਮੁੱਚੇ ਵਿਸ਼ਵ ਨੂੰ 'ਇੱਕ ਪਿੰਡ' ਦੇ ਰੂਪ ਵਿਚ ਵੇਖਿਆ ਜਾਂਦਾ ਹੈ।ਹਰ ਮਨੁੱਖ ਇਸ ਵੱਡੇ ਪਿੰਡ ਦਾ ਵਾਸੀ ਹੈ ਤੇ ਇਸਦਾ ਤਾਲਮੇਲ ਮਨੁੱਖ ਨਾਲ ਸੰਭਵ ਹੈ ਕਿਉਂਕਿ ਇਸ ਪਿੰਡ ਵਿਚ ਵਾਪਰਦੀ ਦੁੱਖ ਪੀੜਾ ਦੀ ਘਟਨਾ ਸਮੁਚੇ ਵਿਸ਼ਵ ਨੂੰ ਇਕ ਦੂਜੇ ਨਾਲ ਜੋੜਦੀ ਹੋਈ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੀ ਹੈ।ਅਜੋਕੇ ਇਸ ਪਿੰਡ ਵਿਚ ਸਿੱਖਿਆ, ਗਿਆਨ-ਵਿਗਿਆਨ, ਚਿੰਤਨ ਦੀ ਬਹੁਤਾਤ ਹੋਣ ਦੇ ਬਾਵਜੂਦ ਵੀ ਵਿਵਹਾਰਿਕ ਰੂਪ ਵਿਚ ਕਈ ਪ੍ਰਕਾਰ ਦੇ ਜਾਤ-ਜਮਾਤੀ, ਲਿੰਗਕ ਤੇ ਨਸਲੀ ਵਖਰੇਵੇਂ ਵਿਸ਼ੇਸ਼ ਮਸਲਿਆਂ ਦੇ ਰੂਪ ਵਿਚ ਉੱਛਲਦੇ ਰਹਿੰਦੇ ਹਨ। ਪ੍ਰਮਾਣ ਵਜੋਂ ਇਸ ਸਮੇਂ ਵਿਸ਼ਵ ਸਮਾਜ ਦੇ ਦਰਪੇਸ਼ ਔਰਤ ਤੇ ਮਰਦ ਦੀ ਲਿੰਗਕ ਨਾ ਬਰਾਬਰੀ ਦਾ ਵਿਸ਼ਾ ਵੀ ਗੰਭੀਰ ਰੂਪ ਵਿਚ ਚੁਣੌਤੀ ਬਣਿਆ ਹੋਇਆ ਹੈ।ਸਮਾਜ ਵਿਚ ਔਰਤ ਨੂੰ ਬਰਾਬਰੀ ਦਾ ਦਰਜਾ ਨਾ ਦੇ ਕੇ ਉਸਨੂੰ ਮਰਦ ਦੇ ਮੁਕਾਬਲੇ ਨੀਵਾਂ ਸਮਝਣਾ, ਉਸਦੇ ਸਤਿਕਾਰ ਤੇ ਸਨਮਾਨ ਨੂੰ ਘਟਾ ਕੇ ਵੇਖਣ ਸੰਬੰਧੀ ਮੁੱਦੇ ਬਹੁਤ ਦੇਰ ਤੋਂ ਚਲਦੇ ਆ ਰਹੇ ਹਨ।ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਤੇ ਉਨ੍ਹਾਂ ਦੇ ਸਮੇਂ ਵੀ ਮੱਧਕਾਲੀ ਸਮਾਜ ਦੀ ਮਾਨਸਿਕਤਾ ਵਿਚ ਵੀ ਔਰਤ ਨਾ ਗੋਲਣ ਯੋਗ ਵਸਤੂ ਦੀ ਨਿਆਈ ਸੀ।ਉਸ ਦੀ ਸਮਾਜ ਵਿਚ ਸਵੈਮਾਨ ਵਾਲੀ ਹੋਂਦ ਨਾ ਬਰਾਬਰ ਸੀ। ਉਸਨੂੰ ਦੂਜੈਲੇ ਪੱਧਰ ਦੀ ਵਸਤੂ ਪ੍ਰਵਾਨਿਆ ਜਾਂਦਾ ਸੀ।ਗੁਰੂ ਨਾਨਕ ਸਾਹਿਬ ਨੇ ਔਰਤ ਦੀ ਸਰਾਪੀ ਹੋਈ ਸਥਿਤੀ ਨੂੰ ਡੂੰਘੀ ਸੰਵੇਦਨਾ ਰਾਹੀਂ ਸਮਝਿਆ ਤੇ ਫਿਰ ਆਪਣੀ ਬਾਣੀ ਰਾਹੀਂ ਉਸਦੀ ਕਰਮਸ਼ੀਲ ਭੂਮਿਕਾ ਤੇ ਯੋਗਦਾਨ ਨੂੰ ਸਿਖਰ 'ਤੇ ਲਿਆ ਕੇ ਉਸਨੂੰ ਸਮਾਜ ਵਿਚ ਸਨਮਾਨ ਭਰਪੂਰ ਦਰਜਾ ਦਿਵਾਉਣ ਲਈ ਇਕ ਵਿਸ਼ੇਸ਼ ਮੁੱਲ ਪ੍ਰਬੰਧ ਦੀ ਘਾੜਤ ਘੜੀ।ਇਹ ਵਿਸ਼ੇਸ਼ ਮੁੱਲ-ਪ੍ਰਬੰਧ ਹੀ ਸਿੱਖ ਮੁੱਲ-ਪ੍ਰਬੰਧ ਦੀ ਪ੍ਰਤੀਨਿਧਤਾ ਕਰਦਾ ਹੈ। ਗੁਰੂ ਨਾਨਕ ਦੀ ਇਸ ਸੰਵੇਦਨਾ ਨੂੰ ਬਾਕੀ ਗੁਰੂ ਸਾਹਿਬਾਨਾਂ ਨੇ ਹੋਰ ਅਗੇ ਤੋਰਿਆ ਤੇ ਪੁਰਸ਼ ਪ੍ਰਧਾਨ ਸਮਾਜ ਦੀ ਰੂੜੀਗਤ ਮਾਨਸਿਕ ਸੋਚ ਨੂੰ ਬਦਲਣ ਲਈ ਅਜਿਹੇ ਨੇਮ ਸਿਰਜੇ ਜੋ ਔਰਤ ਤੇ ਮਰਦ ਦੇ ਰਿਸ਼ਤੇ ਨੂੰ ਸਾਵਾਂ ਸਮਾਨ ਤੇ ਸਨਮਾਨ ਭਰਪੂਰ ਬਣਾਉਣ ਵਿਚ ਕਾਰਜਸ਼ੀਲ ਹੋਏ।

ਇਸਤਰੀ ਦੀ ਸਮਾਜਿਕ ਅਧੋਗਤੀ ਸਮੇਂ ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਸਿਰਜਾਣਤਮਕ ਤੇ ਰਚਨਾਤਮਕ ਸ਼ਕਤੀ ਨੂੰ ਪਹਿਚਾਣਦੇ ਹੋਏ, ਸਮਾਜ ਵਿਚਲੇ ਲਿੰਗ ਵਿਤਕਰੇ ਨੂੰ ਖ਼ਤਮ ਕਰਕੇ ਬਰਾਬਰਤਾ ਦਾ ਅਧਿਕਾਰ ਦਿੰਦੇ ਹੋਏ, ਸਭ ਨੂੰ ਇੱਕ ਪਰਮਾਤਮਾ ਦਾ ਅੰਸ਼ ਮੰਨਿਆ।ਇਸੇ ਸੋਚ ਨੂੰ ਅੱਗੇ ਗੁਰੂ ਸਾਹਿਬਾਨ ਨੇ ਹੋਰ ਪ੍ਰਫੁੱਲਿਤ ਕੀਤਾ।ਗੁਰੂ ਸਾਹਿਬਾਨ ਨੇ ਇਸਤਰੀ ਦੇ ਨਾ ਕੇਵਲ ਸਿਧਾਂਤਕ ਪੱਖ ਦੀ ਸਮਾਨਤਾ ਦੀ ਗੱਲ ਕੀਤੀ ਸਗੋਂ ਉਸਦੇ ਵਿਹਾਰਕ ਪੱਖ ਨੂੰ ਸਮਾਨਤਾ ਦਾ ਆਧਾਰ ਪ੍ਰਦਾਨ ਕੀਤਾ। Dr. Prabhjot Kaur Says:-

Guru Nanak aspired to create a new brotherhood where there were to be no distinctions of caste color, creed or gender, where women were equal partners and participants with men in the creation of new era, a new social order, that was to be free from all kinds of discriminations."[1]

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਔਰਤ ਨੂੰ ਸਮਾਜ, ਪਰਿਵਾਰ ਘਰ ਤੇ ਧਰਮ ਦੇ ਖੇਤਰ ਵਿਚ ਵਿਵਹਾਰਕ ਪੱਧਰ 'ਤੇ ਉੱਚੀ ਭੂਮਿਕਾ ਨਿਭਾਈ ਹੈ ਅੱਜ ਵੀ ਔਰਤ ਨੇ ਜੋ ਸ਼ਕਤੀਸ਼ਾਲੀ ਰੋਲ ਮਾਡਲ ਸਾਨੂੰ ਸਿੱਖ ਨੈਤਿਕਤਾ ਵਿਚੋਂ ਲੱਭਦੇ ਹਨ ਉਹ ਹੋਰ ਕਿਸੇ ਕੌਮ ਦੇ ਮੁੱਲ-ਪ੍ਰਬੰਧ ਵਿਚੋਂ ਦਿਖਾਈ ਨਹੀਂ ਦੇਂਦੇ।

ਭਾਰਤ ਦੇ ਇਤਿਹਾਸ ਵਿਚ ਰਵਾਇਤ ਹੈ ਕਿ ਸਿਰਫ਼ ਮਰਦ ਦੇ ਹੀ ਸੋਹਿਲੇ ਗਾਏ ਜਾਂਦੇ ਹਨ ਜਦ ਕਿ ਨਾਰੀਆਂ ਦੇ ਯੋਗਦਾਨ ਨੂੰ ਸਥਾਨ ਨਹੀਂ ਮਿਲਿਆ।ਸੰਤਾਨ ਨੂੰ ਪਾਲਣਾ, ਪਰਿਵਾਰਕ ਧਰਮ ਨਿਭਾਉਣਾ, ਗ੍ਰਹਿਸਥੀ ਜੀਵਨ ਤੇ ਨੈਤਿਕ ਸਿੱਖਿਆ ਪ੍ਰਦਾਨ ਕਰਨੀ ਬਹੁਤ ਵੱਡੀ ਜ਼ੁੰਮੇਵਾਰੀ ਔਰਤ ਦੀ ਹੈ। ਗੁਰੂ ਸਾਹਿਬਾਨਾਂ ਨੇ ਆਪਣੀ ਸਿੱਖਿਆ, ਬਾਣੀ ਤੇ ਜੀਵਨ ਪ੍ਰੇਰਣਾ ਨਾਲ ਇਸਤਰੀਆਂ ਵਿਚ ਇਕ ਨਵੀਂ ਰੂਹ ਫੂਕੀ। ਜਿਸ ਵਿਚ ਬੇਬੇ ਨਾਨਕੀ, ਬੀਬੀ ਭਾਨੀ, ਬੀਬੀ ਵੀਰੋ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਜੀਤਾ, ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੇ ਨਾਮ ਵਿਸ਼ੇਸ਼ ਆਦਰ ਨਾਲ ਲਏ ਜਾਂਦੇ ਹਨ। ਗੁਰੂ ਮਹਿਲਾਵਾਂ, ਗੁਰੂਆਂ ਵਾਂਗ ਹਮੇਸ਼ਾਂ ਹੀ ਕਰਮਸ਼ੀਲ ਰਹੀਆਂ ਹਨ।ਉਨ੍ਹਾਂ ਨੇ ਕਸ਼ਟਾਂ ਵਿਚ ਵੀ ਅਡੋਲ ਤੇ ਨਿਰਭੈਅ ਰਹਿ ਕੇ ਖਾਲਸਾ ਪੰਥ ਦੇ ਆਦਰਸ਼ਾਂ ਦੀ ਪਾਲਣਾ ਕੀਤੀ ਜਿਸ ਕਰਕੇ ਉਹ ਧਰਮ ਦੀਆਂ ਰੱਖਿਅਕ ਬਣੀਆਂ ਹਨ। ਗੁਰੂ ਮਹਿਲਾਵਾਂ ਨੇ ਸੰਕਟ ਪੈਣ ਤੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ, ਬੱਚਿਆਂ ਦੇ ਪਾਲਣਪੋਸ਼ਣ ਤੇ ਵਿਛੋੜਾ ਸਹਾਰਦਿਆਂ ਕਦੇਂ ਵੀ ਆਪਣੇ ਮਨ ਵਿਚ ਸਿੱਖੀ ਦੇ ਸਿਦਕ ਨੂੰ ਵਿਗਸਣ ਨਹੀਂ ਦਿੱਤਾ, ਜਿਸ ਸਦਕਾ ਉਨ੍ਹਾਂ ਦੇ ਜਜ਼ਬੇ ਨੂੰ ਅੱਜ ਵੀ ਕੌਮ ਯਾਦ ਕਰਕੇ ਸਤਿਕਾਰ ਬਖ਼ਸ਼ਦੀ ਹੈ।ਗੁਰੂ ਮਹਿਲਾ ਹਮੇਸ਼ਾ ਹੀ ਸਿੱਖ ਪੰਥ ਦੇ ਅਸੂਲਾਂ ਦੀਆਂ ਪਹਿਰੇਦਾਰ ਬਣ ਕੇ ਆਪਣੀ ਸੰਤਾਨ ਦੇ ਰਾਹਾਂ ਨੂੰ ਰੁਸ਼ਣਾਉਂਦੀਆ ਰਹੀਆਂ ਹਨ। ਇਸ ਪੱਖੋਂ ਗੁਰੂ ਮਹਿਲਾਵਾਂ ਦੀ ਭੂਮਿਕਾ ਤੇ ਯੋਗਦਾਨ ਕਾਫੀ ਸਲਾਉਣਯੋਗ ਹੈ।ਗੁਰੂ ਮਹਿਲਾਵਾਂ ਨੇ ਸਿੱਖੀ ਦਾ ਮਾਹੌਲ ਉਸਾਰਨ ਵਿੱਚ ਨੀਂਹ ਦਾ ਕੰਮ ਕੀਤਾ ਹੈ।ਇਤਿਹਾਸਕ ਤੱਥ ਦੱਸਦੇ ਹਨ ਕਿ ਜਿੱਥੇ ਗੁਰੂ ਸਾਹਿਬਾਨ ਆਪਣੇ ਸਾਰੇ ਸਮੇਂ ਸ਼ਕਤੀ ਤੇ ਸਾਧਨਾ ਰਾਹੀਂ ਲੋਕਾਂ ਨੂੰ ਰੂਹਾਨੀ ਅਗਵਾਈ ਦੇਣ ਵਿੱਚ ਰੁੱਝੇ ਰਹੇ ਸਨ, ਉਥੇ ਗੁਰੂ ਮਹਿਲ ਗੁਰੂ ਸਾਹਿਬਾਨ ਦੇ ਧੁਰੋਂ ਨਿਰਦੇਸ਼ਕ ਉਦੇਸ਼ ਦੀ ਪ੍ਰਾਪਤੀ ਲਈ ਸੁਖਾਵਾਂ ਮਹੌਲ ਸਿਰਜਣ ਲਈ ਪੂਰੇ ਜੀਅ ਜਾਨ 'ਤੇ ਸਮੱਰਥਾ ਲਾ ਦਿੰਦੇ ਸਨ। ਗੁਰੂ ਦਰਬਾਰ ਦੇ ਰੱਖ ਰਖਾਉ ਦੇ ਨਿੱਤ ਦੇ ਕਾਰਜਾਂ ਦਾ ਨਿਰਬਾਹ ਗੁਰੂ ਮਹਿਲਾਂ ਦੇ ਜਿੰਮੇ ਸੀ ਅਤੇ ਅਸਲ ਵਿਚ ਉਨ੍ਹਾਂ ਦੇ ਪ੍ਰਬੰਧ ਹੇਠ ਹੀ ਗੁਰੂ ਘਰ ਦੀਆਂ ਪਰੰਪਰਾਵਾਂ ਦੀ ਪਰਿਪੱਕਤਾ ਨਿਸ਼ਚਿਤ ਹੋ ਰਹੀ ਸੀ।''[2] ਅਜਿਹੇ

ਸਿਰਜੇ ਗਏ ਮੁੱਲ-ਪ੍ਰਬੰਧ ਨੂੰ ਆਧਾਰ ਬਣਾ ਕੇ ਅਸੀਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਇਸਤਰੀ ਪਾਤਰ ਮਾਤਾ ਗੁਜਰੀ ਜੀ ਦੇ ਗਲਪੀ ਬਿੰਬ ਨੂੰ ਵਾਚਣ ਦੀ ਕੋਸ਼ਿਸ਼ ਕਰਨੀ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਪੇਸ਼ ਗੁਰੂ ਮਹਿਲ ਮਾਤਾ ਗੁਜਰੀ ਦਾ ਨਾਵਲੀ ਬਿੰਬ, ਸੇਵਾ, ਸਿਮਰਨ, ਸਮਾਜ ਕਲਿਆਣ, ਬਲੀਦਾਨ, ਆਤਮ ਸਮਰਪਣ, ਇੱਕ ਯੋਗ ਆਗੂ, ਇੱਕ ਜਰਨੈਲ ਦੇ ਰੂਪ ਵਿੱਚ ਕੌਮ ਨੂੰ ਅੱਗੇ ਲਿਜਾਣ ਵਾਲੀ ਇਸਤਰੀ ਦੇ ਰੂਪ ਵਿੱਚ ਬੜੇ ਸ਼ਸ਼ਕਤ ਰੂਪ ਵਿੱਚ ਪ੍ਰਗਟ ਹੋਏ ਹਨ।ਮਾਤਾ ਗੁਜਰੀ ਜੀ ਨਾ ਸਿਰਫ ਵੱਖ-ਵੱਖ ਰਿਸ਼ਤਿਆਂ ਵਿਚੋਂ ਵਿਭਿੰਨ ਭੂਮਿਕਾ ਨਿਭਾਉਂਦੇ ਹਨ ਬਲਕਿ ਇਸਤਰੀ ਦੇ ਵਿਭਿੰਨ ਮਾਡਲਾਂ ਨੂੰ ਰੂਪਮਾਨ ਕਰਦੇ ਹੋਏ ਉਸਦੀ ਅੰਦਰੂਨੀ ਤੇ ਬਾਹਰਮੁਖੀ ਸ਼ਕਤੀ ਨੂੰ ਵੀ ਰੂਪਮਾਨ ਕਰਦੇ ਹੋਏ ਭਵਿੱਖ ਨਿਰਮਾਣਕਾਰੀ ਮਾਡਲ ਪੇਸ਼ ਕਰਦੇ ਹਨ। ਗੁਰੂ ਮਹਿਲ ਨਾ ਸਿਰਫ ਨਿਸ਼ਕਾਮ ਸੇਵਾ ਕਰਦੇ ਹਨ ਬਲਕਿ ਸਮਾਜ ਦੇ ਸਾਹਮਣੇ ਆਪਣਾ ਰੋਲ ਮਾਡਲ ਵੀ ਉਜਾਗਰ ਕਰਦੇ ਹਨ।ਗੁਰੂ ਮਹਿਲ ਪ੍ਰਮਾਤਮਾ ਦੀ ਰਜ਼ਾ ਤੇ ਹੁਕਮ ਵਿਚ ਰਹਿੰਦਿਆਂ ਹੋਇਆ, ਪ੍ਰੇਮ, ਸਬਰ, ਸੰਤੋਖ, ਸਹਿਣਸ਼ੀਲਤਾ ਵਰਗੇ ਨੈਤਿਕ ਮੁੱਲਾਂ ਨੂੰ ਵੀ ਸਮਾਜ ਵਿੱਚ ਉਭਾਰਦੇ ਹਨ। ਉਹ ਨਾ ਸਿਰਫ ਆਪਣੇ ਗ੍ਰਹਿਸਥੀ ਜੀਵਨ ਨੂੰ ਹੀ ਉਸਾਰੂ ਢੰਗ ਨਾਲ ਚਲਾ ਰਹੇ ਹਨ ਬਲਕਿ ਕੌਮ ਨੂੰ ਵੀ ਸੰਗਠਿਤ ਰੂਪ ਵਿਚ ਅਗਵਾਈ ਪ੍ਰਦਾਨ ਕਰ ਰਹੇ ਹਨ ਜੋ ਕਿ ਸਿੱਖ ਮੁੱਲ-ਪ੍ਰਬੰਧ ਦੇ ਅੰਤਰਮੁਖੀ ਤੇ ਬਾਹਰਮੁੱਖੀ ਪ੍ਰਬੰਧ ਦੀ ਸ਼ਸ਼ਕਤ ਪੇਸ਼ਕਾਰੀ ਕਰ ਰਹੇ ਹਨ ਜੋ ਇਸ ਤਰ੍ਹਾਂ ਹਨ।

ਮਾਤਾ ਗੁਜਰੀ ਦਾ ਜੀਵਨ ਸਿੱਖ ਪਰੰਪਰਾਵਾਂ ਤੇ ਸਿੱਖ ਮੁੱਲ-ਪ੍ਰਬੰਧ ਦੀ ਪ੍ਰਤੀਨਿਧਤਾ ਕਰਨ ਵਾਲਾ ਇਕ ਰੋਲ ਮਾਡਲ ਦੀ ਤਰ੍ਹਾਂ ਸੀ। ਉਹ ਇਕ ਮਾਂ, ਪਤਨੀ, ਸੱਸ ਤੇ ਦਾਦੀ ਮਾਂ ਵੀ ਸਨ। ਜੇਕਰ ਅਸੀਂ ਮਾਤਾ ਗੁਜਰੀ ਦੀ ਮਾਂ ਦੇ ਰੂਪ ਵਿਚ ਭੂਮਿਕਾ ਦੇਖਦੇ ਹਾਂ ਤਾਂ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਮਹਾਨ ਮਾਵਾਂ ਹੀ ਮਹਾਨ ਕੌਮਾਂ ਸਿਰਜਦੀਆਂ ਹਨ।

ਦਲੀਪ ਕੌਰ ਟਿਵਾਣਾ ਦੇ ਨਾਵਲ 'ਮਾਤਾ ਧਰਤਿ ਮਹਤੁ' ਵਿਚੋਂ ਪਾਤਰ ਮਾਤਾ ਗੁਜਰੀ ਦੀ ਸ਼ਖਸੀਅਤ ਇਕ ਸਿਦਕਵਾਨ, ਸੰਵੇਦਨਸ਼ੀਲ ਤੇ ਉੱਚ ਚਰਿੱਤਰ ਵਾਲੀ ਇਸਤਰੀ ਵਜੋਂ ਉਭਰਦੀ ਹੈ, ਜਿਸਨੂੰ ਸਮੇਂ ਦੀ ਨਜ਼ਾਕਤ ਦਾ ਪੂਰਾ ਗਿਆਨ ਸੀ ਜਿਸ ਨੇ ਆਪਣੇ ਪੁੱਤਰ ਗੋਬਿੰਦ ਰਾਏ ਨੂੰ ਧਾਰਮਿਕ ਵਿੱਦਿਆ ਦੇ ਨਾਲ-ਨਾਲ ਗੁਰਮੁਖੀ, ਫ਼ਾਰਸੀ, ਘੋੜ ਸਵਾਰੀ ਸ਼ਾਸਤਰ ਵਿੱਦਿਆ ਅਤੇ ਯੁੱਧ ਵਿੱਦਿਆ ਸਿਖਾਈ। ਉਸਦੀ ਇਸ ਉੱਚ ਸਿਖਲਾਈ ਦਾ ਨਤੀਜਾ ਹੀ ਸੀ ਕਿ ਸਮਾਂ ਆਉਣ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੇ ਸਾਹਮਣੇ ਇਕ ਸ਼ਾਨਦਾਰ, ਨਿਰਾਲਾ ਅਤੇ ਅਤਿ ਗੌਰਵਮਈ ਇਤਿਹਾਸ ਸਿਰਜਿਆ। ਉਹ ਜਿੱਥੇ ਆਪ ਇਕ ਉੱਚ ਕੋਟੀ ਦੇ ਬੀਰ ਨਾਇਕ, ਵਿਦਵਾਨ ਤੇ ਸੰਗੀਤ ਰਸੀਏ ਸਨ, ਉਥੇ ਉਹ ਸਾਹਿਤਕਾਰਾਂ ਤੇ ਵਿਦਵਾਨਾਂ ਦੇ ਵੱਡੇ ਕਦਰਦਾਨ ਵੀ ਸਨ। ਮਨੋਵਿਗਿਆਨਿਕ ਅਧਿਐਨ ਅਨੁਸਾਰ ਬੱਚਾ ਜਿਹੋ-ਜਿਹੇ ਸੰਸਕਾਰ ਆਪਣੀ ਮਾਂ ਦੇ ਗਰਭ ਤੇ ਪਾਲਣ-ਪੋਸ਼ਣ ਸਮੇਂ ਗ੍ਰਹਿਣ ਕਰਦਾ ਹੈ, ਉਹੀ ਸੰਸਕਾਰ ਬਾਲਕ ਦਾ ਭਵਿੱਖਮੁਖੀ ਵਰਤਾਰਾ ਨਿਰਧਾਰਿਤ ਕਰਦੇ ਹਨ। ਮਾਤਾ ਗੁਜਰੀ ਇਸ ਪੱਖੋਂ ਸੰਸਾਰ ਸਾਹਮਣੇ ਇਕ ਵਿਲੱਖਣ ਮਾਤ-ਮੁੱਲਾਂ ਨੂੰ ਸਥਾਪਿਤ ਕਰਦੀ ਹੈ। ਨਾਵਲ 'ਮਾਤਾ ਧਰਤਿ ਮਹਤੁ' ਵਿਚੋਂ ਇਹ ਸੰਵਾਦ ਤੇ ਪ੍ਰਮਾਣ ਦੇਖੇ ਜਾ ਸਕਦੇ ਹਨ, ਮਾਤਾ ਗੁਜਰੀ ਜੀ ਗੋਬਿੰਦ ਰਾਏ ਨੂੰ ਧਾਰਮਿਕ ਸਿੱਖਿਆ ਦਿੰਦੇ, ਬਚਪਨ ਵਿੱਚ ਸੁਣੀਆਂ ਸਾਖੀਆਂ ਗੋਬਿੰਦ ਰਾਇ ਨੂੰ ਸੁਣਾਉਂਦੇ ਰਹਿੰਦੇ ਜਿਵੇਂ ਧਰੂਭਗਤ ਦੀ ਸਾਖੀ, ਧੰਨੇ ਭਗਤ ਦੀ ਸਾਖੀ ਮਹਾਤਮਾ ਬੁੱਧ ਦੀ ਕਥਾ, ਗੁਰੂ ਨਾਨਕ ਦੀਆਂ ਸਾਖੀਆਂ ਇਨ੍ਹਾਂ ਤੋਂ ਬਿਨ੍ਹਾਂ ਅਨੇਕਾਂ ਦੇਵੀ-ਦੇਵਤਿਆਂ ਦੀਆਂ ਕਥਾਵਾਂ ਜਿਨ੍ਹਾਂ ਰਾਹੀਂ ਗੁਜਰੀ ਗੋਬਿੰਦ ਰਾਇ ਦੇ ਚਰਿੱਤਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾ ਰਹੇ ਸਨ।''[3]

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੀ ਕਾਮਯਾਬੀ ਪਿੱਛੇ ਮਾਤਾ ਗੁਜਰੀ ਦਾ ਵੱਡਮੁੱਲਾ ਯੋਗਦਾਨ ਸੀ।ਉਨ੍ਹਾਂ ਨੂੰ ਜ਼ਬਰ ਨਾਲ ਟੱਕਰ ਲੈਣ ਦਾ ਸਾਹਸ, ਔਖੇ ਵੇਲੇ ਸਬਰ ਤੇ ਸੰਤੋਖ ਰੱਖਣਾ, ਇਸਤਰੀ ਦੀ ਹਮੇਸ਼ਾ ਇੱਜ਼ਤ ਕਰਨੀ ਤੇ ਸਭ ਨੂੰ ਇਕ ਸਮਾਨ ਸਮਝਣਾ, ਇਹ ਮਾਤਾ ਗੁਜਰੀ ਦੀ ਪੁੱਤਰ ਗੋਬਿੰਦ ਰਾਏ ਨੂੰ ਦਿੱਤੇ ਮਾਤ ਮੁੱਲਾਂ ਦੀ ਸਿੱਖਿਆ ਸੀ ਕਿਉਂਕਿ ਮਾਤ ਮੁੱਲ ਵਧੇਰੇ ਕਰਕੇ ਘਰ-ਪਰਿਵਾਰ ਤੇ ਜੀਵਨ ਨਾਲ ਸੰਬੰਧਿਤ ਹੁੰਦੇ ਹਨ, ਜਿਸਦੇ ਅੰਤਰਗਤ ਸਬਰ, ਸੰਤੋਖ, ਸਹਿਣਸ਼ੀਲਤਾ, ਸਿਦਕ ਵਰਗੇ ਨੈਤਿਕ ਮੁੱਲ ਸ਼ਾਮਿਲ ਹਨ।

ਮਾਤਾ ਗੁਜਰੀ ਦਾ ਨਾਵਲੀ ਬਿੰਬ ਇਕ ਆਦਰਸ਼ਕ ਪਤਨੀ ਵਜੋਂ ਵੀ ਉਭਰਦਾ ਹੈ। ਉਹ ਆਪਣੇ ਪਿਰ ਦੀ ਸੇਵਾ ਸਹਿਣਸ਼ੀਲਤਾ ਤੇ ਤਿਆਗ ਵਾਲੇ ਮੁੱਲਾਂ ਨਾਲ ਕਰਦੀ ਹੈ।ਜਿਵੇਂ:-

ਨਿਜ ਭਗਤੀ ਸੀਲਵੰਤੀ ਨਾਰਿ॥

ਰੂਪਿ ਅਨੂਪ ਪੂਰੀ ਆਚਾਰਿ॥''[4]

ਗੁਰਬਾਣੀ ਵਿਚ ਇਸਤਰੀ ਦੇ ਆਏ ਅਜਿਹੇ ਨੈਤਿਕ ਮੁੱਲਾਂ ਦੇ ਅਨੁਸਾਰ ਹੀ ਮਾਤਾ ਗੁਜਰੀ ਦਾ ਬਿੰਬ ਨਾਵਲ ਵਿਚ ਪ੍ਰਗਟ ਹੋਇਆ ਹੈ।ਗੁਜਰੀ ਪਾਤਰ ਬਾਰੇ ਟਿਵਾਣਾ ਆਪਣੇ ਨਾਵਲ 'ਮਾਤਾ ਧਰਤਿ ਮਹਤੁ' ਵਿਚ ਇਸ ਤਰ੍ਹਾਂ ਬਿਆਨ ਕਰਦੀ ਹੈ 'ਗੁਰੂ ਜੀ ਕਾਫੀ ਦੇਰ ਸਮਾਧੀ ਵਿਚ ਲੀਨ ਰਹਿੰਦੇ ਤੇ ਗੁਜਰੀ ਘਰ ਦਾ ਸਾਰਾ ਕੰਮ ਕਰਦੀ ਤੇ ਬਹੁਤਾ ਸਮਾਂ ਭੋਰੇ ਦੀਆਂ ਪੌੜੀਆਂ 'ਤੇ ਬੈਠੀ ਰਹਿੰਦੀ ਕਿ ਪਤਾ ਕਿਹੜੇ ਵੇਲੇ ਉਨ੍ਹਾਂ ਦੇ ਪਤੀ ਨੂੰ ਕਿਸ ਚੀਜ਼ ਦੀ ਲੋੜ ਪੈ ਜਾਵੇ।''[5]

ਸਿੱਖ ਮੱਲ-ਪ੍ਰਬੰਧ ਵਿਚ ਪਤੀ ਤੇ ਪਤਨੀ ਦਾ ਸੰਜੋਗੀ ਰਿਸ਼ਤਾ ਕੇਵਲ ਸਰੀਰਕ ਪੱਧਰ 'ਤੇ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਦਾ ਆਤਮਕ ਸਫ਼ਰ ਵੀ ਸਾਂਝਾ ਹੁੰਦਾ ਹੈ, ਜਦੋਂ ਉਹ ਦੋਵੇਂ ਪਰਸਪਰ ਪਿਆਰ, ਸਤਿਕਾਰ, ਇਕ ਦੂਜੇ ਪ੍ਰਤੀ ਤਿਆਗ, ਸਨਮਾਨ ਦੀ ਭਾਵਨਾ ਨਾਲ ਜੁੜਦੇ ਹਨ ਤਾਂ ਗੁਰਬਾਣੀ ਅਨੁਸਾਰ 'ਏਕ ਜੋਤ ਦੁਇ ਮੂਰਤੀ' ਹੋ ਜਾਂਦੇ ਹਨ।ਦਲੀਪ ਕੌਰ ਟਿਵਾਣਾ ਗੁਜਰੀ ਪਾਤਰ ਦੀ ਉੱਚ ਮਾਨਸਿਕਤਾ ਨੂੰ ਜਿਸ ਤਰ੍ਹਾਂ ਚਿਤਰਦੀ ਹੈ, ਉਹ ਚਿਤਰਣ ਹੀ ਸਿੱਖ ਮੁੱਲ-ਪ੍ਰਬੰਧ ਵਿਚ ਇਸਤਰੀ ਦੇ ਅਕਸ ਨੂੰ ਉਘਾੜਦਾ ਹੈ। ਪ੍ਰਮਾਣ ਵਜੋਂ ਗੁਰਬਾਣੀ ਦੀ ਤੁਕ ਹੈ:-

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥''[6]

ਇਸ ਤਰ੍ਹਾਂ ਮਾਤਾ ਗੁਜਰੀ ਦਾ ਬਿੰਬ ਇਕ ਸਿਆਣੀ, ਸੂਝਵਾਨ, ਸਬਰ-ਸੰਤੋਖੀ ਪਤਨੀ ਦੇ ਰੂਪ ਵਿਚ ਨਾਵਲ ਵਿਚੋਂ ਉਭਰਦਾ ਹੈ, ਜਿਨ੍ਹਾਂ ਨੇ ਹਮੇਸ਼ਾ ਪਤੀ ਦੀ ਸੇਵਾ ਕੀਤੀ ਤੇ ਆਪਣਾ ਸਬਰ ਤੇ ਸਿਦਕ ਕਦੇ ਨਾ ਹਾਰਿਆ।

ਨਾਵਲੀ ਬਿੰਬ ਵਿਚੋਂ ਮਾਤਾ ਗੁਜਰੀ ਦਾ ਜੋਂ ਬਿੰਬ ਸੱਸ ਮਾਤਾ ਦੇ ਰੂਪ ਵਿਚ ਉਭਰਦਾ ਹੈ ਉਹ ਗੁਰਬਾਣੀ ਦੇ ਮੁੱਲ-ਪ੍ਰਬੰਧ ਨੂੰ ਸੁਚੱਜੇ ਰੂਪ ਵਿਚ ਪ੍ਰਗਟਾਉਂਦਾ ਹੈ। ਉਹ ਆਪਣੀਆਂ ਨੂੰਹਾਂ ਨੂੰ ਧੀਆਂ ਦੇ ਬਰਾਬਰ ਪਿਆਰ ਕਰਦੇ। ਉਹ ਸੰਤੋਖ ਤੇ ਸੁੱਚਾ ਜੀਵਨ

ਬਤੀਤ ਕਰਦੇ ਤੇ ਉਹੀ ਸਿੱਖਿਆ ਆਪਣੀਆਂ ਨੂੰਹਾਂ ਨੂੰ ਦਿੰਦੇ। ਨਾਵਲ 'ਤੁਮਰੀ ਕਥਾ ਕਹੀ ਨ ਜਾਇ' ਦੇ ਬਿਰਤਾਂਤ ਵਿਚੋਂ ਮਾਤਾ ਗੁਜਰੀ ਦਾ ਸੱਸ ਮਾਤਾ ਦਾ ਰੂਪ ਇਕ ਪ੍ਰੇਰਣਾਮਈ ਤੇ ਸਹਿਜਦਤਾ ਵਾਲਾ ਪ੍ਰਤੀਤ ਹੁੰਦਾ ਹੈ ਜਦੋਂ ਜੀਤਾਂ ਜੀ ਯੁੱਧਾਂ ਤੋਂ ਭੈਅਭੀਤ ਹੁੰਦੇ ਹਨ ਤੇ ਮਾਤਾ ਜੀ ਨੂੰ ਕਹਿੰਦੇ ਹਨ ਕਿ ਇਹ ਕਲਯੁੱਗ ਸਾਨੂੰ ਕਿਸ ਦੀ ਸਜ਼ਾ ਦੇ ਰਿਹੈ ਤਾਂ ਮਾਤਾ ਗੁਜਰੀ ਜੀ ਨਿਮਰਤਾ ਨਾਲ ਕਹਿੰਦੇ ਹਨ , ਸਾਨੂੰ ਸਜ਼ਾ ਨਹੀਂ ਦੇ ਰਿਹਾ ਪੁੱਤਰੀ, ਸਾਡਾ ਇਮਤਿਹਾਨ ਲੈ ਰਿਹੈ।ਹਰ ਯੁੱਗ ਵਿਚ ਭਗਤਾਂ ਨੂੰ ਹੀ ਭੀੜਾਂ ਰਹੀਆਂ ਨੇ ਕਿਉਂਕਿ ਮਜਲੂਮਾਂ ਦਾ ਕਸ਼ਟ ਉਹ ਆਪਣੇ ਉਪਰ ਲੈ ਲੈਂਦੇ ਨੇ...।" ਤੂੰ ਪੁੱਤਰੀ ਧਿਆਨ ਅਕਾਲ-ਪੁਰਖ ਵੱਲ ਰੱਖਿਆ ਕਰ।ਇਉਂ ਡੋਲੀ ਦਾ ਨਹੀਂ ਤੂੰ ਤਾਂ ਮੇਰੀ ਸ਼ੇਰਨੀ ਧੀ ਐਂ।ਗਿੱਦੜਾਂ-ਬਘਿਆੜਾਂ ਤੋਂ ਨਹੀਂ ਡਰੀਦਾ।''[7] ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਵਿਚਲੇ ਪਾਤਰ ਰਾਹੀਂ ਇਨ੍ਹਾਂ ਆਦਰਸ਼ਕ ਸੱਸ ਮਾਤਾ ਦੇ ਰਿਸ਼ਤੇ ਨੂੰ ਸਮਾਜਿਕ ਵਰਤੋਂ ਵਿਵਹਾਰ ਦੇ ਸੰਦਰਭ ਵਜੋਂ ਪ੍ਰਗਟਾਉਦੀਂ ਹੋਈ ਇਕ ਆਦਰਸ਼ਕ ਰੋਲ ਮਾਡਲ ਪੇਸ਼ ਕਰਦੀ ਹੈ।ਮਾਤਾ ਗੁਜਰੀ ਅੰਦਰ ਇਨੀ ਸਹਿਜਤਾ ਤੇ ਸਹਿਣਸ਼ੀਲਤਾ ਸੀ ਕਿ ਉਨ੍ਹਾਂ ਨੇ ਆਪਣੇ ਪਤੀ ਦੀ ਸ਼ਹੀਦੀ ਨੂੰ ਜਰ ਸਕਣ ਵਾਲੀ ਸ਼ਕਤੀ ਰੱਖੀ ।ਇਸਦਾ ਪ੍ਰਮਾਣ ਨਾਵਲ 'ਵਿਛੜੇ ਸਭੋ ਵਾਰੀ ਵਾਰੀ' ਦੇ ਨਾਵਲੀ ਬਿੰਬ ਵਿਚੋਂ ਉਦੋਂ ਉੱਘੜਦਾ ਹੈ ਜਦੋਂ ਮਾਤਾ ਸੁੰਦਰੀ ਕਹਿੰਦੀ ਹੈ, ਕਿੱਡੇ ਜਿਗਰੇ ਵਾਲੀ ਐ ਮਾਤਾ ਗੁਜਰੀ ਜੀ। ਜਿਨ੍ਹਾਂ ਨੇ ਆਪਣੇ ਪਤੀ ਦਾ ਕੱਟਿਆ ਹੋਇਆ ਸਿਰ ਝੋਲੀ ਪਵਾਇਆ ਕੋਈ ਹੋਰ ਔਰਤ ਹੁੰਦੀ ਚੀਕਾਂ ਮਾਰਦੀ ਰੋਹੀਏ ਚੜ੍ਹ ਜਾਂਦੀ। ਬਹੁਤ ਔਖਾ ਹੁੰਦੈ। ਪਤੀ ਤੋਂ ਇਉਂ ਨਿੱਖੜ ਜਾਣਾ, ਬਹੁਤ ਔਖਾ ਹੁੰਦੈ ਕੱਲਿਆ ਜ਼ਿੰਦਗੀ ਦਾ ਭਾਰ ਢੋਣਾ।''[8] ਅਜਿਹਾ ਸਾਹਸ ਤੇ ਦਲੇਰੀ ਸਿਰਫ਼ ਸਿੱਖ ਮੁੱਲ-ਪ੍ਰਬੰਧ ਨੂੰ ਸਮਰਪਿਤ ਵੱਡੀਆਂ ਸਖ਼ਸ਼ੀਅਤ ਵਾਲੀਆਂ ਇਸਤਰੀਆਂ ਹੀ ਕਰ ਸਕਦੀਆਂ ਹਨ ਤੇ ਇਸ ਪੱਖੋਂ ਮਾਤਾ ਗੁਜਰੀ ਸਿੱਖ ਮੁੱਲ-ਪ੍ਰਬੰਧ ਦੀ ਰੋਲ ਮਾਡਲ ਵਜੋਂ ਉਭਰਦੇ ਹਨ।ਇਸ ਤਰ੍ਹਾਂ ਮਾਤਾ ਜੀ ਨੇ ਗੁਰਬਾਣੀ ਦੇ ਨੈਤਿਕ ਨਿਯਮਾਂ ਦਾ ਪੱਲਾ ਕਦੇ ਨਾ ਛੱਡਿਆ ਤੇ ਸਿੱਖ ਮੁੱਲ-ਪ੍ਰਬੰਧ ਦੇ ਅਸੂਲਾਂ ਨਾਲ ਵਰੋਸਾਈ ਹੋਈ ਉਨ੍ਹਾਂ ਦੀ ਸਖਸ਼ੀਅਤ ਇਸੇ ਲਈ ਸਨਮਾਨ ਯੋਗ ਹੈ।

ਨਾਵਲਾਂ ਵਿਚੋਂ ਪ੍ਰਗਟ ਹੋਇਆ ਮਾਤਾ ਗੁਜਰੀ ਦਾ ਚਰਿਤਰ ਉਦੋਂ ਹੋਰ ਉਦਾਤ ਰੂਪ ਗ੍ਰਹਿਣ ਕਰਦਾ ਹੈ ਜਦੋਂ ਉਹ ਸਿੱਖ ਆਦਰਸ਼ਕ ਪਤਨੀ, ਆਦਰਸ਼ਕ ਮਾਂ, ਆਦਰਸ਼ਕ ਸੱਸ, ਆਦਰਸ਼ਕ ਨੂੰਹ ਦੇ ਨਾਲ-ਨਾਲ ਇੱਕ ਸਿੱਖ ਆਦਰਸ਼ਾਂ ਵਾਲੀ ਦਾਦੀ ਦੇ ਰੂਪ ਵਿਚ ਵੀ ਉਭਰਦਾ ਹੈ।ਨਾਵਲ ਵਿਚ ਲੇਖਿਕਾ ਮਾਤਾ ਗੁਜਰੀ ਦੀ ਇਸ ਮਹੱਤਵਪੂਰਣ ਭੂਮਿਕਾ ਨੂੰ ਇੰਝ ਪੇਸ਼ ਕਰਦੀ ਹੈ। 'ਤੀਨ ਲੋਕ ਸੇ ਨਿਆਰੀ' ਨਾਵਲ ਵਿਚ ਬੱਚੇ ਦਾਦੀ ਮਾਤਾ ਗੁਜਰੀ ਤੋਂ ਹਰ ਰੋਜ਼ ਗੂੜ੍ਹੀ ਹੁੰਦੀ ਸੰਧਿਆ ਵੇਲੇ ਕਥਾਵਾਂ ਸੁਨਣ ਆਉਂਦੇ ਸਨ। ਅੱਜ ਬੱਚਿਆਂ ਨੇ ਬਾਬਾ ਜੀ (ਗੁਰੂ ਤੇਗ ਬਹਾਦਰ) ਦੀ ਕਥਾ ਸੁਣਾਉਣ ਲਈ ਕਿਹਾ ਤਾਂ ਮਾਤਾ ਗੁਜਰੀ ਨੇ ਅੰਦਰਲੇ ਤੂਫ਼ਾਨ ਨੂੰ ਥੰਮ ਕੇ ਧੀਰਜ ਨਾਲ ਆਖਿਆ, ਬਾਦਸ਼ਾਹ ਨੇ ਤੁਹਾਡੇ ਬਾਬਾ ਜੀ ਨੂੰ ਆਖਿਆ ਮੁਸਲਮਾਨ ਬਣ ਜਾਓ ਤਾਂ ਮੈਂ ਤੁਹਾਨੂੰ ਮੁਆਫ਼ ਕਰ ਦਿਆਂਗਾ ਨਾਲ ਧਨ ਦੌਲਤ ਵੀ ਦਿਆਂਗਾ ਜੇ ਮੁਸਲਮਾਨ ਨਹੀਂ ਬਣੋਗੇ ਤਾਂ ਅਸੀਂ ਤੁਹਾਨੂੰ ਮਾਰ ਦਿਆਂਗੇ।... ਬਾਦਸ਼ਾਹ ਦਾ ਖ਼ਿਆਲ ਸੀ ਉਹ ਡਰ ਜਾਣਗੇ ਪਰ ਉਹ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਤੋਂ ਨਹੀਂ ਸਨ ਡਰਦੇ। ਉਨ੍ਹਾਂ ਨੇ ਆਖਿਆ ਇਹ ਅਕਾਲ ਪੁਰਖ ਦਾ ਹੀ ਹੁਕਮ ਐ ਕਿ ਮੈਂ ਮੁਸਲਮਾਨਾਂ ਦੇ ਘਰ ਪੈਂਦਾ ਨਹੀਂ ਹੋਏ।''[9] ਮਾਤਾ ਗੁਜਰੀ ਜੀ ਨਾ ਸਿਰਫ ਬੱਚਿਆਂ ਨੂੰ ਲਾਡ ਲਡਾਉਦੇ ਹਨ ਬਲਕਿ ਆਪਣੇ ਪੂਰਵਜਾ ਦਾ ਵਿਰਸਾ,ਇਤਿਹਾਸ ਤੇ ਪੁਰਖਿਆਂ ਦੇ ਕਾਰਨਾਮਿਆਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦੇ ਹਨ ਤੇ ਨਾਲ ਹੀ ਨਿਰਭਉ ਤੇ ਨਿਰਵੈਰ ਰਹਿਣ ਦੀ ਪ੍ਰੇਰਨਾ ਵੀ ਦਿੰਦੇ ਹਨ।

ਮਾਤਾ ਗੁਜਰੀ ਇਕ ਆਦਰਸ਼ਕ ਦਾਦੀ ਸੀ ਜੋ ਆਪਣੇ ਪੋਤਰਿਆਂ ਨੂੰ ਨਾ ਕੇਵਲ ਪਿਆਰ ਤੇ ਲਾਡ ਲਡਾਉਂਦੀ ਬਲਕਿ ਕਥਾਵਾਂ ਤੇ ਸਾਖੀਆਂ ਰਾਹੀਂ ਉਨ੍ਹਾਂ ਅੰਦਰ ਸੂਰਬੀਰਤਾ ਦੀ ਭਾਵਨਾ ਪੈਂਦਾ ਕਰਦੀ ਸੀ ਤੇ ਉਨ੍ਹਾਂ ਦੇ ਮਨਾਂ ਅੰਦਰ ਭੈਅ ਤੇ ਡਰ ਮੁਕਤ ਹੋ ਕੇ ਜ਼ੁਲਮ ਦਾ ਟਾਕਰਾ ਕਰਨ ਦੀ ਪ੍ਰੇਰਨਾ ਤੇ ਸਿੱਖਿਆ ਦਿੰਦੀ ਸੀ। ਮਾਤਾ ਗੁਜਰੀ ਦਾ ਸੰਦੇਸ਼ ਉਨ੍ਹਾਂ ਸਾਰੀਆਂ ਦਾਦੀਆਂ ਨੂੰ ਸਿੱਖ ਕਦਰਾਂ-ਕੀਮਤਾਂ ਬਾਰੇ ਦ੍ਰਿੜ ਕਰਾਉਂਦਾ ਹੈ ਕਿ ਸਿੱਖ ਵਿਰਾਸਤ ਨਾਲ ਜੁੜੀਆਂ ਦਾਦੀਆਂ ਨਾ ਕੇਵਲ ਬੱਚਿਆਂ ਨੂੰ ਲਾਡ ਲਡਾਉਂਦੀਆਂ ਹਨ ਬਲਕਿ ਆਪਣੇ ਪੂਰਵਜ਼ਾਂ ਦਾ ਵਿਰਸਾ, ਇਤਿਹਾਸ ਤੇ ਪੁਰਖਿਆਂ ਦੇ ਕਾਰਨਾਮਿਆਂ ਨੂੰ ਵੀ ਪੀੜ੍ਹੀ ਦਰ ਪੀੜ੍ਹੀ ਮੁੱਲ-ਪ੍ਰਬੰਧ ਦੇ ਰਾਹੀਂ ਨਿਰਭਉਂ ਤੇ ਨਿਰਵੈਰ ਰਹਿਣ ਦੀ ਪ੍ਰੇਰਣਾ ਦਿੰਦੀਆਂ ਹਨ।

ਅਜੋਕੇ ਦੌਰ ਵਿਚ ਇਸਤਰੀਆਂ ਜਿਹੜੇ ਹੱਕਾਂ ਦੀ ਗੱਲ ਨਾਰੀਵਾਦੀ ਸੋਚ ਦੇ ਅੰਤਰਗਤ ਕਰ ਕਰ ਰਹੀਆਂ ਹਨ, ਉਹ ਤਾਂ ਸਿੱਖ ਧਰਮ ਦੇ ਬਾਣੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਮੇਂ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ।ਸਿੱਖ ਧਰਮ ਵਿੱਚ ਇਸਤਰੀ ਤੇ ਮਰਦ ਦਾ ਵੱਖਰੇਵਾਂ ਨਹੀਂ ਬਲਕਿ ਉਹਨਾਂ ਦੇ ਆਪਸੀ, ਸੰਜੋਗ ਦਾ ਕਾਰਨ ਬਣਦਾ ਹੈ, ਲੋੜ ਹੈ ਅਜੋਕੀ ਇਸਤਰੀ ਨੂੰ ਗੁਰੂ ਮਹਿਲਾਂ ਤੋਂ ਸੇਧ ਤੇ ਪ੍ਰੇਰਣਾ ਲੈਣ ਦੀ। ਜੇਕਰ ਅਜੋਕੇ ਨਾਰੀਵਾਦ ਲਹਿਰ ਦੇ ਪ੍ਰਭਾਵ ਹੇਠ ਗੱਲ ਕਰੀਏ ਤਾਂ ਮਾਪੇ ਆਪਣੀਆਂ ਲੜਕੀਆਂ ਨੂੰ ਲੜਕਿਆਂ ਵਾਂਗ ਬਣਾਉਣ ਦੀ ਲੋਚਾਂ ਰੱਖਦੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਸਤਰੀ ਤਾਂ ਜਨਮ ਤੋਂ ਹੀ ਮਹਾਨ ਹੈ ਬਸ ਲੋੜ ਹੈ ਉਸਨੂੰ ਆਪਣੀ ਮਹਾਨਤਾ ਦੇ ਰੂ-ਬ-ਰੂ ਹੋਣ ਦੀ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਤਰੀ ਦੇ ਸਦਗੁਣਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ, ਬਸ ਲੋੜ ਹੈ ਅਜੋਕੀ ਇਸਤਰੀ ਨੂੰ ਸਦਗੁਣਾਂ ’ਤੇ ਚੱਲਣ ਦੀ। ਪ੍ਰਭਜੋਤ ਕੌਰ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ, “ਇਹ ਕੀ ਅਚਰਜ ਹੈ ਕਿ ਅੱਜ ਦੀ ਇਸਤਰੀ ਮਰਦ ਨੂੰ ਆਪਣੇ ਆਪ ਤੋਂ ਉੱਤਮ ਮੰਨ ਕੇ ਉਸ ਦੇ ਬਰਾਬਰ ਬਣਨਾ ਲੋਚ ਰਹੀ ਹੈ,ਪਰ ਬਾਣੀ ਦੇ ਰਚਨਹਾਰੇ ਅੱਜ ਤੋਂ ਪੰਜ ਸੌ ਸਾਲ ਪਹਿਲੋਂ ਵੀ ਇਸਤਰੀ ਦੇ ਗੁਣਾਂ ਨੂੰ ਸ਼੍ਰੇਸਟ ਮੰਨਦੇ ਹੋਏ ਆਪਣੇ ਆਪ ਨੂੰ ਇਸਤਰੀ ਰੂਪ ਵਿੱਚ ਚਿਤਵ ਰਹੇ ਹਨ? ਇਸਤਰੀ ਸਰੀਰ ਨੂੰ ਵੀ ਕਿਤੇ ਗੁਰੂ ਸਾਹਿਬਾਨ ਨੇ ਨੀਵਾਂ ਨਹੀਂ ਦਿਖਾਇਆ। ਸਗੋਂ ਇਸਤਰੀ ਦੀ ਹਰ ਸਰੀਰਕ ਕਿਰਿਆ ਨੂੰ ਅਧਿਆਤਮਕ ਰੰਗਤ ਦੇ ਕੇ ਨਾ ਕੇਵਲ ਪ੍ਰਵਾਨ ਕੀਤਾ ਹੈ ਸਗੋਂ ਉਚਿਆਇਆ ਵੀ ਹੈ।ਅੱਜ ਇਸਤਰੀ ਦੀ ਆਜ਼ਾਦੀ ਦੀ ਲਹਿਰ ਨਾਲ ਜੁੜੀਆਂ ਇਸਤਰੀਆਂ ਇਸ ਗੱਲ ਦਾ ਸ਼ਿਕਵਾ ਕਰਦੀਆਂ ਹਨ ਕਿ ਧਰਮ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦੇ ਕਾਬਿਲ ਨਹੀਂ ਮੰਨਦਾ। ਅੱਜ ਲੋੜ ਹੈ, ਇਹਨਾਂ ਇਸਤਰੀਆਂ ਤੱਕ ਸਿੱਖ ਫਿਲਾਸਫੀ ਦਾ ਸੁਨੇਹਾ ਪਹੁੰਚਾਉਣ ਦੀ, ਜਿਸ ਅਨੁਸਾਰ ਪ੍ਰਭੂ ਪ੍ਰਾਪਤੀ ਕੇਵਲ ਇਸਤਰੀ (ਜੀਵ ਇਸਤਰੀ) ਬਣ ਕੇ ਹੀ, ਭਾਵ ਇਸਤਰੀਆਂ ਵਾਲੇ ਗੁਣਾਂ ਦੇ ਧਾਰਨੀ ਹੋ ਕੇ ਕੀਤੀ ਜਾ ਸਕਦੀ ਹੈ।’’[10]

ਉਪਰੋਕਤ ਵਿਚਾਰ ਵਿਮਰਸ਼ ਨੂੰ ਦੇਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਨਾਵਲ ਵਿਚੋਂ ਮਾਤਾ ਗੁਜਰੀ ਦਾ ਰਚਨਾਤਮਕ ਬਿੰਬ ਸਿੱਖ ਵਿਰਾਸਤ ਦੇ ਉਨ੍ਹਾਂ ਸਾਰੇ ਗੁਣਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਜੋ ਕੇਵਲ ਇਸਤਰੀਆਂ ਲਈ ਹੀ ਨਹੀਂ ਬਲਕਿ ਮਰਦਾਂ ਲਈ ਵੀ ਨੈਤਿਕ ਮੁੱਲ-ਪ੍ਰਬੰਧ ਵਿਚ ਰਹਿਣਾ ਪ੍ਰਗਟਾਉਂਦੇ ਹਨ।ਮਾਤਾ ਗੁਜਰੀ ਨੇ ਸਿੱਖ ਮੁੱਲ-ਪ੍ਰਬੰਧ ਵਿਚਲੇ ਗੁਣਾਂ ਨੂੰ ਸਿਦਕ, ਸੇਵਾ ਤੇ ਸਿਮਰਨ ਨਾਲ ਨਿਭਾਇਆ।ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਇਹ ਬਲੀਦਾਨ, ਤਿਆਗ ਤੇ ਕੁਰਬਾਨੀ ਧਰਮ ਲਈ ਅਦਰਸ਼ਕ ਤੇ ਚਾਨਣ ਮੁਨਾਰਾ ਰਹੇਗਾ ਜੋ ਹਮੇਸ਼ਾ ਸਿੱਖ ਬੀਬੀਆਂ ਨੂੰ ਜੂਝਣ ਤੇ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹਨ ਦੀ ਪ੍ਰੇਰਣਾ ਦਿੰਦਾ ਰਹੇਗਾ। ਇਸ ਤਰ੍ਹਾਂ ਮਾਤਾ ਜੀ ਦਾ ਨਾਵਲੀ ਬਿੰਬ ਬਤੌਰ ਪਤਨੀ ਉਹ ਸਹਿਜ, ਸੇਵਾ-ਸਿਮਰਨ ਤੇ ਸਹਿਣਸ਼ੀਲਤਾ ਦੀ ਪੁੰਜ ਰਹੇ, ਬਤੌਰ ਨੂੰਹ ਉਹ ਸੰਤੋਖ, ਸਬਰ ਤੇ ਸੰਜਮ ਵਿਚ ਰਹੇ, ਬਤੌਰ ਸੱਸ ਉਹ ਪ੍ਰੇਰਣਾਮਈ, ਸਿਦਕਮਈ ਤੇ ਸੰਜਮ ਵਿੱਚ ਰਹੇ ਤੇ ਬਤੌਰ ਦਾਦੀ ਉਹ

ਦੂਰਦ੍ਰਿਸ਼ਟੀ ਵਾਲੇ, ਸੂਝਵਾਨ ਸਿੱਖਿਆਵਾਨ ਤੇ ਨਿਰਭਉ ਰਹਿਣ ਦੀ ਸਿੱਖਿਆ ਦਿੰਦੇ ਰਹੇ ਤੇ ਗ੍ਰਹਿਸਥ ਵਿਚ ਵਿਚਰਦਿਆਂ ਹੋਇਆ ਵੀ ਸੰਜਮ, ਸੰਤੋਖ, ਸਹਿਣਸ਼ੀਲਤਾ ਵਰਗੇ ਨੈਤਿਕ ਗੁਣਾ ਦਾ ਪਾਲਣ ਕਰਦੇ ਰਹੇ। ਮਾਤਾ ਗੁਜਰੀ ਦਾ ਨਾਵਲਾਂ ਵਿਚ ਪੇਸ਼ ਨਾਵਲੀ ਬਿੰਬ ਅਜੋਕੀ ਔਰਤ ਲਈ ਇਕ ਪ੍ਰਤੀਮਾਨ ਹੈ ਤੇ ਆਪਣੀਆਂ ਅੰਦਰਲੀਆਂ ਤੇ ਬਾਹਰਮੁੱਖੀ ਸ਼ਕਤੀਆਂ ਨੂੰ ਪਛਾਣ ਦਾ ਪ੍ਰਤੀਕ ਹੈ।

## ਹਵਾਲੇ ਅਤੇ ਟਿਪਣੀਆਂ


1. Prabahjot Kaur, Woman liberation, through the prism of Sikh Faith, P. 42
2. ਡਾ. ਜਸਪਾਲ ਸਿੰਘ, ਵਾਰਤਕ ਵਿਵੇਕ, ਪੰਨਾ. 05

3. ਦਲੀਪ ਕੌਰ ਟਿਵਾਣਾ, 'ਮਾਤਾ ਧਰਤਿ ਮਹੁਤ', ਪੰਨਾ. 53

4. ਗੁਰੂ ਗ੍ਰੰਥ ਸਾਹਿਬ, ਪੰਨਾ.370

5. ਦਲੀਪ ਕੌਰ ਟਿਵਾਣਾ, 'ਮਾਤਾ ਧਰਤਿ ਮਹੁਤ' ਪੰਨਾ. 47

6. ਗੁਰੂ ਗ੍ਰੰਥ ਸਾਹਿਬ, ਪੰਨਾ.788

7. ਦਲੀਪ ਕੌਰ ਟਿਵਾਣਾ ,ਤੁਮਰੀ ਕਥਾ ਕਹੀ ਨ ਜਾਇ, ਪੰਨਾ. 123

8. ਦਲੀਪ ਕੌਰ ਟਿਵਾਣਾ, ਵਿਛੜੇ ਸਭੋ ਵਾਰੀ ਵਾਰੀ, ਪੰਨਾ.45

9. ਦਲੀਪ ਕੋਰ ਟਿਵਾਣਾ, ਤੀਨ ਲੋਕ ਸੇ ਨਿਆਰੀ, ਪੰਨਾ. 40

10. ਪ੍ਰਭਜੋਤ ਕੌਰ, ਬਤੀਹ ਸੁੱਲਖਣੀ, ਪੰਨਾ.72